
Chairman : 98078-73000
76278-60539

Principal : 76278-60539

# GURU TEG BAHADUR COLLEGE OF EDUCATION

Running under RURAL EDUCATION DEVELOPMENT SOCIETY (REG. 538)

DALELWALA, DISTRICT MANSA (PB) 151503




# Prospectus

MOB : 98078-73000,76278-60539,62834-42377

www.gtbcemansa.com

# ਕਾਲਜ ਸ਼ਬਦ

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਆਪਨੀ ਜੀਤ ਕਰੋਂ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

# ਸੰਦੇਸ਼



**ਸ੍ਰ. ਗੁਰਪ੍ਰੀਤ ਸਿੰਘ ਮਾਨ**
ਚੇਅਰਮੈਨ
ਗੁਰੂ ਤੇਗ ਬਹਾਦਰ ਕਾਲਜ ਆਫ ਐਜੂਕੇਸ਼ਨ
ਦਲੇਲਵਾਲਾ (ਮਾਨਸਾ)
ਮੋਬਾ: 98078-73000

ਗੁਰੂ ਤੇਗ ਬਹਾਦਰ ਕਾਲਜ ਆਫ ਐਜੂਕੇਸ਼ਨ ਉਚੇਰੀ ਵਿੱਦਿਅਕ ਸੰਸਥਾ ਦਾ ਚੇਅਰਮੈਨ ਹੋਣ ਦੇ ਨਾਤੇ ਇਹ ਦਸਦੇ ਹੋਏ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ ਕਿ ਜਿਸ ਉਦੇਸ਼ ਲਈ ਇਸ ਵਿੱਦਿਅਕ ਸੰਸਥਾ ਦੀ ਨੀਂਹ ਰੱਖੀ ਗਈ ਸੀ ਉਸ ਵਿੱਚ ਇਲਾਕੇ ਦੇ ਸੂਝਵਾਨ ਲੋਕਾ, ਮੈਨੇਜਮੈਂਟ ਕਮੇਟੀ, ਮਿਹਨਤੀ ਅਤੇ ਤਜਰਬੇਕਾਰ ਸਟਾਫ ਅਤੇ ਪ੍ਰਿੰਸੀਪਲ ਸਾਹਿਬ ਦੇ ਅਣਥੱਕ ਯਤਨਾਂ ਸਦਕਾ ਕਾਮਯਾਬ ਹੋ ਰਹੇ ਹਾਂ। ਜਿਸ ਸਮੇਂ ਸੰਸਥਾ ਨੂੰ ਹੋਂਦ ਵਿੱਚ ਲਿਆਂਦਾ ਗਿਆ ਉਸ ਸਮੇਂ ਇਸ ਪੇਂਡੂ ਇਲਾਕੇ ਦੇ ਵਿੱਚ ਕੋਈ ਵੀ ਉੱਚ ਸਿੱਖਿਆ ਸੰਸਥਾ ਨਹੀਂ ਸੀ।

ਪੇਂਡੂ ਖੇਤਰ ਵਿੱਚ ਇਹ ਸੰਸਥਾ ਵਿਦਿਆਰਥੀਆ ਦੇ ਚੰਗੇ ਅਤੇ ਸਾਰਥਕ ਭਵਿੱਖ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਹੀ ਹੈ ਕਿਉਂਕਿ ਇਲਾਕੇ ਵਿੱਚ ਅਨਪੜ੍ਹਤਾ ਦੇ ਅੰਧੇਰੇ ਨੂੰ ਦੂਰ ਕਰਨ ਦੇ ਮਕਸਦ ਨਾਲ ਅਸੀਂ ਇਸ ਸੰਸਥਾ ਦੀ ਸ਼ੁਰੂਆਤ ਕੀਤੀ ਸੀ। ਇਹ ਵਿੱਦਿਅਕ ਸੰਸਥਾ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਨਾਲ-ਨਾਲ ਉਹਨਾਂ ਦੇ ਸਰਵਪੱਖੀ ਵਿਕਾਸ ਲਈ ਵੀ ਵਚਨਬੱਧ ਹੈ।ਇਸ ਸੰਸਥਾ ਵੱਲੋਂ ਅਜੋਕੇ ਸਮੇਂ ਮੁਤਾਬਿਕ ਵਿਦਿਆਰਥੀ ਨੂੰ ਰੋਜ਼ਗਾਰ ਪ੍ਰਾਪਤੀ ਲਈ ਕਿੱਤਾ ਮੁਖੀ ਕੋਰਸ ਕਰਵਾਏ ਜਾਂਦੇ ਹਨ ਤਾਂ ਜੋ ਵਿਦਿਆਰਥੀ ਸਮੇਂ ਦੇ ਨਾਲ-ਨਾਲ ਵਿਕਸਿਤ ਹੁੰਦੇ ਹੋਏ ਸਮਾਜ ਅਤੇ ਦੇਸ਼ ਵਿੱਚ ਆਪਣਾ ਵਧੀਆ ਸਥਾਨ ਬਣਾ ਸਕਣ। ਮੈਂ ਵਿਦਿਆਰਥੀਆਂ ਅਤੇ ਸੰਸਥਾ ਦੇ ਬੁਲੰਦੀਆ ਤੇ ਪਹੁੰਚਣ ਦੀ ਕਾਮਨਾ ਕਰਦਾ ਹੋਇਆ ਇਹ ਵਾਅਦਾਂ ਕਰਦਾ ਹਾਂ ਕਿ ਇਸ ਦੀ ਉੱਨਤੀ ਅਤੇ ਕਾਮਯਾਬੀ ਲਈ ਹਮੇਸ਼ਾ ਯਤਨਸ਼ੀਲ ਰਹਾਂਗਾ।

# ਸੰਦੇਸ਼



ਪਿਆਰੇ ਵਿਦਿਆਰਥੀਓ,

ਇਸ ਸੰਸਥਾ ਦੇ ਵਿੱਚ ਦਾਖ਼ਲਾ ਲੈਣ ਆਉਣ ਵਾਲੇ ਵਿਦਿਆਰਥੀਆਂ ਦਾ ਤਹਿ ਦਿਲੋਂ ਸਵਾਗਤ ਕਰਦੇ ਹਾਂ। ਮਾਲਵਾ ਖੇਤਰ ਦੇ ਵਿੱਦਿਅਕ ਅਦਾਰਿਆਂ ਵਿੱਚੋਂ ਗੁਰੂ ਤੇਗ ਬਹਾਦਰ ਕਾਲਜ ਆਫ਼ ਐਜੂਕੇਸ਼ਨ ਦਲੇਲਵਾਲਾ (ਮਾਨਸਾ) ਆਪਣੀ ਵੱਖਰੀ ਪਛਾਣ ਰੱਖਦਾ ਹੈ ਜੋ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ NCTE (ਦਿੱਲੀ) ਤੋਂ ਮਾਨਤਾ ਪ੍ਰਾਪਤ ਹੈ।

ਇਹ ਵਿੱਦਿਅਕ ਸੰਸਥਾਂ ਮਾਨਸਾ ਰੋਡ ਦਲੇਲਵਾਲਾ ਵਿਖੇ ਸਥਿਤ ਹੈ।ਮਾਨਸਾ ਤੋਂ 17 ਕਿਲੋ ਮੀਟਰ ਦੂਰ ਸਹਿ ਸਿੱਖਿਆ ਵਾਲੀ ਇਹ ਵਿੱਦਿਅਕ ਸੰਸਥਾਂ ਉੱਚ ਸਿੱਖਿਆ ਦੇ ਖੇਤਰ ਵਿੱਚ ਵੱਡੀਆ ਤੇ ਸਲਾਘਾਯੋਗ ਪੁਲਾਘਾਂ ਪੁੱਟ ਰਹੀ ਹੈ।

ਸਮੁੱਚੀ ਮੈਨੇਜਮੈਂਟ ਦੀ ਯੋਗ ਅਗਵਾਈ ਅਤੇ ਸਮੂਹ ਮਿਹਨਤੀ ਤਜ਼ਰੇਬਕਾਰ ਸਟਾਫ ਦੇ ਯਤਨਾਂ ਸਦਕਾ ਇਸ ਕਾਲਜ ਵਿੱਚ MA(Education), B.Ed. ਅਤੇ BA., B.Ed. ਕੋਰਸ ਸਫਲਤਾ ਪੂਰਵਕ ਚੱਲ ਰਹੇ ਹਨ।

ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਉਹਨਾਂ ਦਾ ਖੇਡਾਂ, ਸੱਭਿਆਚਾਰ ਅਤੇ ਸਾਹਿਤਕ ਗਤੀਵਿਧੀਆਂ ਵੱਲ ਵਿਸ਼ੇਸ ਧਿਆਨ ਦਿੱਤਾ ਜਾਂਦਾ ਹੈ। ਸਿੱਖਿਆ ਵਿਦਿਆਰਥੀ ਦੀ ਸ਼ਖਸ਼ੀਅਤ ਉਸਾਰੀ ਕਰਦੀ ਹੈ। ਕਿਉਂਕਿ ਸੰਸਥਾ ਵਿਚ ਪੜ੍ਹਦੇ ਵਿਦਿਆਰਥੀ ਅਕਾਦਮਿਕ ਗਿਆਨ ਹਾਸਿਲ ਕਰਨ ਦੇ ਨਾਲ-ਨਾਲ ਪਾਠਾਂਤਰ ਕਿਰਿਆਵਾਂ ਵਿੱਚ ਹਿੱਸਾ ਲੈਂਦੇ ਹਨ।

ਅਸੀਂ ਵਿਦਿਆਰਥੀਆਂ ਤੋਂ ਪੂਰਨ ਆਸ ਕਰਦੇ ਹਾਂ ਕਿ ਉਹ ਸੰਸਥਾ ਦੇ ਨਿਯਮਾਂ ਵਿੱਚ ਰਹਿੰਦਿਆਂ ਸੰਸਥਾ ਵਿੱਚ ਕੀਤੀਆਂ ਜਾਂਦੀਆਂ ਸਭ ਪ੍ਰਕਾਰ ਦੀਆਂ ਗਤੀਵਿਧੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਸੰਸਥਾ ਨੂੰ ਸਹਿਯੋਗ ਦੇਣ।

ਮੈਂ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਜੀ ਆਇਆਂ ਆਖਦਾ ਹੋਇਆ ਆਪ ਸਭ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ।

**ਡਾ. ਜਗਵਿੰਦਰ ਸਿੰਘ ਸਿੱਧੂ**
(ਪ੍ਰਿੰਸੀਪਲ)




ਇਸ ਇਲਾਕੇ ਵਿੱਚ ਬੱਚਿਆਂ ਦੀ ਉਚੇਰੀ ਸਿੱਖਿਆ ਦੀ ਲੋੜ ਨੂੰ ਮਹਿਸੂਸ ਕਰਦਿਆਂ ਹੋਇਆਂ ਸੂਝਵਾਨ ਲੋਕਾਂ ਦੀ ਸੋਚ ਸਦਕਾ ਇਹ ਵਿਦਿਅਕ ਸੰਸਥਾ ਹੋਂਦ ਵਿੱਚ ਆਈ। ਸਾਲ 2005 ਵਿੱਚ ਐਕਟ ਆਫ ਸੋਸਾਇਟੀ ਰਜਿਸਟਰੇਸ਼ਨ 1860 ਦੇ ਅਧੀਨ ਰੂਰਲ ਐਜੂਕੇਸ਼ਨ ਡਿਵੈਲਪਮੈਂਟ ਸੋਸਾਇਟੀ ਦਲੇਲਵਾਲਾ (ਮਾਨਸਾ) ਰਜਿਸਟਰਡ ਹੋਈ ਹੈ। ਸਾਲ 2009 ਵਿੱਚ ਇਸ ਸੰਸਥਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬ ਸਰਕਾਰ ਅਤੇ NCTE ਤੋਂ ਮਾਨਤਾ ਪ੍ਰਾਪਤ ਹੋਈ। ਇਹ ਸੰਸਥਾ ਪ੍ਰਦੂਸ਼ਣ ਰਹਿਤ ਵਾਤਾਵਰਣ ਵਿਚ ਅਤੇ ਸ਼ੋਰ ਸਰਾਬੇ ਚੋਂ ਦੂਰ ਕੁਦਰਤ ਦੀ ਖੁੱਲ ਸਿੱਖਿਆ ਪ੍ਰਦਾਨ ਕਰਨ ਵਾਲੀ ਸੰਸਥਾ ਲਈ ਹਰ ਪੱਖੋਂ ਸਵੱਛ, ਅਤੇ ਆਦਰਸ਼ ਟਿਕਾਣਾ ਹੈ। ਸੰਸਥਾ ਕੋਲ ਮਨੋਵਿਗਿਆਨਕ ਕੰਪਿਊਟਰ, ਸਪੋਰਟਸ, ਸਾਇੰਸ ਪ੍ਰਯੋਗਸਾਲਾਵਾਂ ਅਤੇ ਵਧੀਆ ਸਾਫ ਸੁਥਰੇ ਕਲਾਸਰੂਮ, ਫਰਨੀਚਰ, ਠੰਡਾ R.O. ਪਾਣੀ, ਜਨਰੇਟਰ ਆਦਿ ਸਹੂਲਤਾ ਨਾਲ ਵਧੀਆ ਸ਼ਾਨਦਾਰ ਬਿਲਡਿੰਗ ਹੈ।

# ਪੋਸਟ ਗ੍ਰੇਜੂਏਟ ਐਜੂਕੇਸ਼ਨ ਵਿਭਾਗ

## ਐਮ.ਏ.ਐਜੂਕੇਸ਼ਨ (ਸਮਾਂ ਦੋ ਸਾਲ)

**ਵਿਸ਼ੇ ਭਾਗ ਪਹਿਲਾ**

ਯੋਗਤਾ: ਬੀ ਐੱਡ ਦੇ ਵਿਚੋਂ 50% ਅੰਕ
ਜਾਂ
ਬੀ.ਏ. With Education Subject

## ਫੀਸ ਵੇਰਵਾ

### ਭਾਗ ਪਹਿਲਾ

ਕੁਲ ਫੀਸ–10000 + Uni Exam
ਪਹਿਲੀ ਕਿਸ਼ਤ 10000
ਦੂਜੀ ਕਿਸ਼ਤ 10000 + Uni Exam Fee
ਤੀਜੀ ਕਿਸ਼ਤ 10000 + Exam Fee

### ਭਾਗ ਦੂਜਾ

ਕੁਲ ਫੀਸ–10000 + Univ Exam ਫੀਸ
ਪਹਿਲੀ ਕਿਸ਼ਤ 10000
ਦੂਜੀ ਕਿਸ਼ਤ 10000 + Exam Fee
ਤੀਜੀ ਕਿਸ਼ਤ 10000 + Exam Fee

**ਕੁਲ ਸੀਟਾਂ–25**

## SEMESTER-I

Paper-I Philosophical Foundations of Education
Paper-II Psychological Foundations of Education
Paper-III Methodology of Education Research-I
Paper-IV Basis of Pedagogy

## SEMESTER-II

Paper-I Sociological Foundations of Education
Paper-II Psychological Characteristics and Abilities
Paper-III Methodology of Educjation Research-II
Paper-IV Curriculum Development

## SEMESTER-III

The course will consist four papers in this semester. PaperI, II, and III are compulsory and students will select one optional paper in this semester.

Paper-I EDUCATIONAL TECHNOLOGY
Paper-II FOUNDATIONS OF GUIDANCE
Paper-III EDUCATIONAL, MANAGEMENT AND SUPERVISION
Paper-IV ANY ONE OF THE FOLLOWING:
(a) Educational measurement and evaluation
(b) Adult Education
(c) Comparative Education
(d) Special Education
(e) Teacher Education
(f) Life Skills Education

## SEMESTER-IV

The course will consist of four papers in the semester. Paper I,II and III are compulsory and students will select on optional paper.
Paper-I ICT IN EDUCATION
Paper-II Counselling Process
Paper-III Educational Administration and Planning
Paper-IV any one option of the following
(a) Education for values and human rights
(b) Inclusive education
(c) Women Education
(d) Current Issues in Indian Education
(e) Dissertation

# ਅੰਡਰ ਗ੍ਰੈਜੂਏਟ ਕੋਰਸ

**ਬੀ.ਐੱਡ (ਸਮਾਂ-ਦੋ ਸਾਲ)**

ਯੋਗਤਾ: ਗ੍ਰੈਜੂਏਸ਼ਨ ਵਿਚੋਂ 50% ਅੰਕ + Common Entrance Test

# ਵਿਸ਼ੇ : ਭਾਗ ਪਹਿਲਾ

## SEMESTER-I

| Paper | Subjects |
|---|---|
| I | Philosophical Perspective in Education |
| II | Psychological Perspective in Education |
| III | Teaching-Learning Process |
| IV | Pedagogy of a School Subject (Part-I) |
| V | Pedagogy of a School Subject (PartI)<br>**Any Two of the following**<br>**Languages**<br>(i) Teaching of English<br>(ii) Teaching of Punjabi<br>(iii) Teaching in Hindi<br>(iv) Teaching of Urdu<br>(v) Teaching of Sanskrit<br>**Science**<br>(vi) Teaching of Science<br>(vii) Teaching of Physical Science<br>(viii) Teaching of Life Science<br>**Mathematics**<br>(ix) Teaching of Mathematics<br>Computer Science<br>(x) Teachng of Computer Science<br>Commerce<br>(xi) Teaching of Commerce<br>**Social Sciences**<br>(xii) Teaching of Social Studies<br>(xiii) Teaching of Economics<br>(xiv) Teaching of Geography<br>(xv) Teaching of Political Science<br>(xvi) Teaching of History<br>**Home Science**<br>(xviii) Teaching of Home Science<br>**Agriculture**<br>(xviii) Teachng of Agriculture<br>Fine Arts<br>(xix) Teaching of Fine Arts<br>**Music**<br>(xx) Teaching of Music<br>**Physical Education**<br>(xxi) Teaching of Physical Education |
| VI | Library Resources and Art in Education |
| VII | Experiential Learning |

## ਫੀਸ ਵੇਰਵਾ

**ਭਾਗ ਪਹਿਲਾ**

ਕੁਲ ਫੀਸ-49500+ Exam ਫੀਸ
ਪਹਿਲੀ ਕਿਸ਼ਤ 25000
ਦੂਜੀ ਕਿਸ਼ਤ 13000 + Exam Fee
ਤੀਜੀ ਕਿਸ਼ਤ 11500 + Exam Fee

## SEMESTER-II

| PAPER | SUBJECTS |
|---|---|
| VIII | Sociological Perspective in Education |
| IX | Educational Policy & Planning in Contemporary India |
| X | Curriculum Development |
| XI | Pedagogy of a School Subject (Part II) |
| XII | Pedagogy of a School Subject (Part II) |
| XIII | School Management |
| IIV | Enriching Learning Through ICT |

**ਨੋਟ:** ਪੇਪਰ XI ਅਤੇ XII ਜੋ ਕਿ ਟੀਚਿੰਗ ਵਿਸ਼ੇ ਹਨ ਉਹ ਪਹਿਲੇ ਸਮੈਸਟਰ ਵਾਲੇ ਹੀ ਰਹਿਣਗੇ।

## SEMESTER-III

| Paper | SUBJECTS |
|---|---|
| XV & XVI | School Internship-Subject I (Teaching Subject)<br>School Internship-Subject II (Teaching Subject) |
| XVII | Engagement with Community (Experiences for Social and Environmental Sensitivity) |

## ਫੀਸ ਵੇਰਵਾ

### ਭਾਗ ਦੂਜਾ

ਕੁਲ ਫੀਸ-49500+ Exam ਫੀਸ

ਪਹਿਲੀ ਕਿਸ਼ਤ 25000

ਦੂਜੀ ਕਿਸ਼ਤ 13000 + Exam Fee

ਤੀਜੀ ਕਿਸ਼ਤ 11500 + Exam Fee

## SEMESTER-IV

| PAPER | SUBJECTS |
|---|---|
| XVIII | Assessment for Learning |
| XIX | Gender, School and Society |
| XX | Inclusive School |
| XXI | Understanding the Self |
| XXII | Reading and Reflection on Texts |
| XXIII | Strengthening Language Proficiency |
| XXIV | Health and Physical Education |
| XXV & XXVI | Optional Courses (Any Two) |
| (i) | Guidance and Counselling |
| (ii) | Human Rights and Value Education |
| (iii) | Experiential Learning and Work Education |
| (iv) | Distance and Open Learning |
| (v) | Teacher Education |
| (vi) | Life Skills Education |
| (vii) | Special Education |
| (viii) | Comparative Education |
| (ix) | Vocational Education |
| (x) | Environment Education |

# ਬੀ.ਏ.ਬੀ.ਐੱਡ (ਇੰਟੀਗ੍ਰੇਟਡ ਕੋਰਸ)

ਸਮਾਂ (4 ਸਾਲ)

## ਭਾਗ-ਪਹਿਲਾ

ਯੋਗਤਾਂ 12ਵੀਂ

ਕੁਲ ਸ਼ੀਟਾਂ-100

ਵਿਸ਼ੇ:

### ਸਮੈਸਟਰ ਪਹਿਲਾ

1. ਪੰਜਾਬੀ ਲਾਜ਼ਮੀ
2. ਅੰਗਰੇਜ਼ੀ ਲਾਜ਼ਮੀ
3. Philosopohical Perspective in Education
4. Psychological perspective in Edcation

ਚੋਣਵੇਂ ਵਿਸ਼ੇ

Elective [Punjabi, English, Hindi]
History
Political Science
Mathematics
Economics
Computer Application
Physical Education

### ਫੀਸ ਵੇਰਵਾ

ਭਾਗ ਪਹਿਲਾ

ਕੁਲ ਫੀਸ-35000+ Exam ਫੀਸ
ਪਹਿਲੀ ਕਿਸ਼ਤ 12000
ਦੂਜੀ ਕਿਸ਼ਤ 12000+ Exam Fee
ਤੀਜੀ ਕਿਸ਼ਤ 11000+Exam Fee

### ਸਮੈਸਟਰ ਦੂਜਾ

1. ਪੰਜਾਬੀ ਲਾਜ਼ਮੀ
2. ਅੰਗਰੇਜ਼ੀ ਲਾਜ਼ਮੀ
3. Curriculum Development
4. Education Policy & Planning in Contemprary India

ਨੋਟ: ਚੋਣਵੇਂ ਵਿਸ਼ੇ ਪਿਛਲੇ ਸਮੈਸਟਰ ਵਾਲੇ ਹੀ ਰਹਿਣਗੇ।

# ਭਾਗ–ਦੂਜਾ

## ਸਮੈਸਟਰ ਤੀਜਾ

1. ਪੰਜਾਬੀ ਲਾਜ਼ਮੀ
2. ਅੰਗਰੇਜ਼ੀ ਲਾਜ਼ਮੀ
3. **Teaching Learning Process**
4. **Library Resources and Art Education**

ਨੋਟ: ਚੌਣਵੇਂ ਤਿੰਨ ਵਿਸ਼ੇ ਪਿਛਲੇ ਸਮੈਸਟਰ ਵਾਲੇ ਹੀ ਰਹਿਣਗੇ

## ਸਮੈਸਟਰ ਚੌਥਾ

1. ਪੰਜਾਬੀ ਲਾਜ਼ਮੀ
2. ਅੰਗਰੇਜ਼ੀ ਲਾਜ਼ਮੀ
3. **Sociological Perspective in Education**
4. **School Management**
5. **Enriching Learning Trough ICT**

ਨੋਟ: ਚੌਣਵੇਂ ਤਿੰਨ ਵਿਸ਼ੇ ਪਿਛਲੇ ਸਮੈਸਟਰ ਵਾਲੇ ਹੀ ਰਹਿਣਗੇ

## ਫੀਸ ਵੇਰਵਾ

**ਭਾਗ ਦੂਜਾ**

ਕੁਲ ਫੀਸ–35000+ **Exam** ਫੀਸ

ਪਹਿਲੀ ਕਿਸ਼ਤ 12000

ਦੂਜੀ ਕਿਸ਼ਤ 12000+ **Exam Fee**

ਤੀਜੀ ਕਿਸ਼ਤ 11000+**Exam Fee**

# ਭਾਗ–ਤੀਜਾ

## ਸਮੈਸਟਰ ਪੰਜਵਾ

1. ਪੰਜਾਬੀ ਲਾਜ਼ਮੀ
2. ਅੰਗਰੇਜ਼ੀ ਲਾਜ਼ਮੀ
3. Pedagogy of a School Subject (Part-1) Any Two

ਨੋਟ: 1. ਚੌਣਵੇਂ ਤਿੰਨ ਵਿਸ਼ੇ ਪਿਛਲੇ ਸਮੈਸਟਰ ਵਾਲੇ ਹੀ ਰਹਿਣਗੇ

2. ਵਿਦਿਆਰਥੀ ਨੂੰ ਟੀਚਿੰਗ ਵਿਸ਼ੇ ਉਸਦੇ ਚੋਣਵੇਂ ਵਿਸ਼ਿਆਂ ਦੇ ਆਧਾਰ ਤੇ ਦਿੱਤਾ ਜਾਣਗੇ।

## ਸਮੈਸਟਰ ਛੇਵਾਂ

1. ਪੰਜਾਬੀ ਲਾਜ਼ਮੀ
2. ਅੰਗਰੇਜ਼ੀ ਲਾਜ਼ਮੀ
3. Pedagogy of a School Subject (Part-1) Any Two

ਨੋਟ: 1. ਚੌਣਵੇਂ ਤਿੰਨ ਵਿਸ਼ੇ ਪਿਛਲੇ ਸਮੈਸਟਰ ਵਾਲੇ ਹੀ ਰਹਿਣਗੇ

2. ਵਿਦਿਆਰਥੀ ਨੂੰ ਟੀਚਿੰਗ ਵਿਸ਼ੇ ਉਸਦੇ ਚੋਣਵੇਂ ਵਿਸ਼ਿਆਂ ਦੇ ਆਧਾਰ ਤੇ ਦਿੱਤਾ ਜਾਣਗੇ।

### ਫੀਸ ਵੇਰਵਾ

**ਭਾਗ ਤੀਜਾ**

ਕੁਲ ਫੀਸ–35000+ Exam ਫੀਸ
ਪਹਿਲੀ ਕਿਸ਼ਤ 12000
ਦੂਜੀ ਕਿਸ਼ਤ 12000+ Exam Fee
ਤੀਜੀ ਕਿਸ਼ਤ 11000+Exam Fee

# ਭਾਗ-ਚੌਥਾ

## ਸਮੈਸਟਰ ਸੱਤਵਾਂ

1. School Internship Subject 1
2. School Internship Subject 2
3. Engagement with Community

ਨੋਟ: ਇਸ ਸਮੈਸਟਰ ਵਿੱਚ ਕੇਵਲ ਪ੍ਰੈਕਟੀਕਲ ਕੰਮ ਹੀ ਹੋਵੇਗਾ ਲਿਖਤੀ ਪ੍ਰੀਖਿਆ ਨਹੀਂ ਹੋਵੇਗੀ।

## ਸਮੈਸਟਰ ਅੱਠਵਾਂ

| PAPER | SUBJECTS |
|---|---|
| XVIII | Assessment for Learning |
| XIX | Gender, School and Society |
| XX | Inclusive School |
| XXI | Understanding the Self |
| XXII | Reading and Reflection on Texts |
| XXIII | Strengthening Language Proficiency |
| XXIV | Health and Physical Education |
| XXV & XXVI | Optional Courses (Any Two) |
| (i) | Guidance and Counselling |
| (ii) | Human Rights and Value Education |
| (iii) | Experiential Learning and Work Education |
| (iv) | Distance and Open Learning |
| (v) | Teacher Education |
| (vi) | Life Skills Education |
| (vii) | Special Education |
| (viii) | Comparative Education |
| (ix) | Vocational Education |
| (x) | Environment Education |
| | |

### ਫੀਸ ਵੇਰਵਾ

**ਭਾਗ ਚੌਥਾ**

ਕੁਲ ਫੀਸ-35000+ Exam ਫੀਸ

ਪਹਿਲੀ ਕਿਸ਼ਤ 12000

ਦੂਜੀ ਕਿਸ਼ਤ 12000+ Exam Fee

ਤੀਜੀ ਕਿਸ਼ਤ 11000+Exam Fee

# ਸਟਾਫ ਮੈਂਬਰ

ਪ੍ਰਿੰਸੀਪਲ

**ਡਾ. ਜਗਵਿੰਦਰ ਸਿੰਘ**
(ਪੀ.ਐੱਚ.ਡੀ (ਐਜੂਕੇਸ਼ਨ) ਨੈੱਟ,
(ਐਜੂਕੇਸ਼ਨ) ਐਮ.ਐਸ.ਸੀ (ਮੈਥ)

**ਐਜੂਕੇਸ਼ਨ ਵਿਭਾਗ**

**ਪ੍ਰੋ: ਜਲੰਧਰ ਸਿੰਘ**
ਬੀ.ਐੱਡ,ਐਮ.ਐੱਡ,
ਐਸ.ਏ (ਇਕਨੌਮਿਕਸ) ਨੈੱਟ, (ਐਜੂਕੇਸ਼ਨ)

**ਪ੍ਰੋ: ਅਨੂਪਮ ਕੌਰ**
(ਐਮ.ਏ (ਪੰਜਾਬੀ) ਐਮ.ਏ (ਹਿਸਟਰੀ)
ਬੀ.ਐਡ, ਐਸ. ਐੱਡ ਨੈੱਟ (ਐਜੂਕੇਸ਼ਨ)

**ਪ੍ਰੋ: ਸਵਰਨਜੀਤ ਕੌਰ**
ਬੀ.ਐੱਡ., ਐਮ.ਏ.(ਐਜੂਕੇਸ਼ਨ)

**ਪ੍ਰੋ: ਹਰਪ੍ਰੀਤ ਕੌਰ**
ਬੀ.ਐੱਡ., ਐਮ.ਏ.(ਐਜੂਕੇਸ਼ਨ)

**ਪ੍ਰੋ: ਗਗਨਦੀਪ ਕੌਰ**
ਬੀ.ਐੱਡ., ਐਮ.ਏ.(ਐਜੂਕੇਸ਼ਨ)

**ਪੰਜਾਬੀ ਵਿਭਾਗ**

**ਪ੍ਰੋ: ਗੁਰਪ੍ਰੀਤ ਸਿੰਘ**
(ਬੀ.ਐੱਡ.,ਐਮ.ਐੱਡ ਐਮ.ਏ (ਪੰਜਾਬੀ)

**ਪ੍ਰੋ: ਅਮਨਦੀਪ ਕੌਰ**
(ਬੀ.ਐੱਡ, ਐਮ.ਐੱਡ, ਐਮ.ਏ (ਪੰਜਾਬੀ)

**ਪ੍ਰੋ: ਸੁਖਪਾਲ ਸਿੰਘ**
(ਬੀ.ਐੱਡ, ਐਮ.ਐੱਡ, ਐਮ.ਏ (ਪੰਜਾਬੀ)

**ਪ੍ਰੋ: ਵੀਰਪਾਲ ਕੌਰ**
(ਬੀ.ਐੱਡ, ਐਮ.ਐੱਡ, ਐਮ.ਏ (ਪੰਜਾਬੀ)

**ਹਿਸਟਰੀ ਵਿਭਾਗ**

**ਪ੍ਰੋ: ਸ਼ਰਨਜੀਤ ਕੌਰ**
ਬੀ.ਐੱਡ., ਐਮ.ਏ. (ਪੰਜਾਬੀ)(ਹਿਸਟਰੀ) ਐੱਮ.ਅੱਡ

**ਪ੍ਰੋ: ਮੋਹਨ ਲਾਲ**
ਐਮ.ਏ. (ਹਿਸਟਰੀ),ਨੈੱਟ (ਐਜੂਕੇਸ਼ਨ)

**ਕੰਪਿਊਟਰ ਵਿਭਾਗ**

**ਪ੍ਰੋ. ਗੁਰਸੇਵਕ ਸਿੰਘ**
(ਬੀ.ਟੈਕ, ਐੱਮ.ਟੈੱਕ)

**ਵਿਗਿਆਨ ਵਿਭਾਗ**

**ਪ੍ਰੋ: ਬਲਜਿੰਦਰ ਸਿੰਘ**
(ਐਮ.ਐੱਸ.ਸੀ (ਫਿਜੀਕਲ) ਬੀ.ਐੱਡ.ਐਮ.ਏ (ਐਜੂਕੇਸ਼ਨ)

**ਹਿੰਦੀ ਵਿਭਾਗ**

**ਪ੍ਰੋ: ਦਿਲਜੀਤ ਕੌਰ**
(ਬੀ.ਐੱਡ. ਐਮ.ਐੱਡ., ਐਮ.ਏ ਹਿੰਦੀ)

**ਪ੍ਰੋ: ਗੁਰਪ੍ਰੀਤ ਸਿੰਘ**
(ਐਮ.ਏ ਹਿੰਦੀ, ਨੈੱਟ (ਹਿੰਦੀ) ਬੀ.ਐੱਡ

**ਅੰਗਰੇਜੀ ਵਿਭਾਗ**

**ਪ੍ਰੋ: ਜਸਵੀਰ ਕੌਰ**
ਬੀ.ਐੱਡ., ਐਮ.ਏ. (ਅੰਗਰੇਜ਼ੀ)

**ਪ੍ਰੋ: ਦੀਪਾ ਕੁਮਾਰੀ**
(ਐਮ.ਐੱਡ., ਐਮ.ਏ. (ਅੰਗਰੇਜ਼ੀ)

**ਅਰਥ-ਸ਼ਾਸ਼ਤਰ ਵਿਭਾਗ**

**ਪ੍ਰੋ: ਰਾਜਦੀਪ ਕੌਰ**
ਬੀ.ਐੱਡ, ਐਮ.ਐੱਡ.,
ਐਮ.ਏ (ਇਕਨਾਮਿਕਸ)

ਲਾਇਬ੍ਰੇਰੀ

**ਮਨਪ੍ਰੀਤ ਸਿੰਘ** (ਐਮ.ਫਿਲ)

**ਸਰੀਰਕ ਸਿੱਖਿਆ ਵਿਭਾਗ**
**ਪ੍ਰੋ: ਅਮਨਦੀਪ ਕੌਰ** (ਐਮ.ਪੀ.ਐੱਡ)

**ਰਾਜਨੀਤੀ ਸ਼ਾਸ਼ਤਰ ਵਿਭਾਗ**
**ਪ੍ਰੋ:ਜਸਵੀਰ ਸਿੰਘ**
(ਬੀ.ਐੱਡ, ਐੱਮ.ਏ (ਪੋਲ ਸਾਇੰਸ),
ਐਮ.ਏ (ਐਜੂਕੇਸ਼ਨ)

**ਪ੍ਰੋ:ਜਸਵੀਰ ਸਿੰਘ**
(ਬੀ.ਐੱਡ, ਐੱਮ.ਏ (ਪੋਲ ਸਾਇੰਸ),
ਐਮ.ਏ (ਐਜੂਕੇਸ਼ਨ)

**ਰਜਿਸਟਰਾਰ (ਘਰੇਲੂ ਪ੍ਰੀਖਿਆਵਾ)**
**ਪ੍ਰੋ: ਗੁਰਪ੍ਰੀਤ ਸਿੰਘ**

**ਕਲਚਰ ਅਤੇ ਯੂਥ ਵੈਲਫੇਅਰ**
**ਪ੍ਰੋ: ਰਾਜਦੀਪ ਕੌਰ**
**ਪ੍ਰੋ: ਅਨੂਪਮ ਕੌਰ**

**ਐਂਟੀਂ ਰੈਗਿੰਗ**
**ਪ੍ਰੋ: ਬਲਜਿੰਦਰ ਸਿੰਘ**
**ਪ੍ਰੋ: ਸ਼ਰਨਜੀਤ ਕੌਰ**

**ਐਟੀ ਸੈਕਸੁਅਲ ਹਰਾਸ਼ਮੈਂਟ ਸੈਲ**
**ਪ੍ਰੋ: ਰਾਜਦੀਪ ਕੌਰ**
**ਪ੍ਰੋ: ਜਸਬੀਰ ਕੌਰ**

**ਗੈਰ ਅਧਿਆਪਨ ਅਮਲਾ**
**ਯਾਦਵਿੰਦਰ ਸਿੰਘ (ਸੁਪਰਡੈਂਟ)**
**ਵਿਸ਼ਵਜੀਤ ਸਿੰਘ (ਕਲਰਕ)**

**ਦਰਜਾਚਾਰ**
**ਮਿੱਠੂ ਸਿੰਘ (ਸੇਵਾਦਾਰ)**
**ਮਨਪ੍ਰੀਤ ਕੌਰ (ਸਵੀਪਰ)**
**ਹਰਵਿੰਦਰ ਸਿੰਘ (ਮਾਲੀ)**
**ਮੇਲ ਸਿੰਘ (ਡਰਾਇਵਰ)**

# ਦਾਖਲੇ ਲਈ ਮਿਤੀਆਂ

## (ਐਂਟਰੀ ਪੁਆਇੰਟ ਦਾਖਲੇ)

**ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਰੈਗੂਲਰ ਦਾਖਲੇ**

11.07.2024 ਤੋਂ 25.07.2024 ਤੱਕ (ਬਿਨ੍ਹਾਂ ਲੇਟ ਫੀਸ)

**500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ**

26.07.2024 ਤੋਂ 02.08.2024 ਤੱਕ

**1000/ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ**

3.08.2024 ਤੋਂ 9.08.2024 ਤੱਕ

**1500/-ਰੁ: ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ**

10.08.2024 ਤੋਂ 16/08/2024 ਤੱਕ

**2000/-ਰੁ: ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ**

17.08.2024 ਤੋਂ 23.08.2024 ਤੱਕ

**ਆਨ ਲਾਈਨ ਕਲਾਸਾਂ ਸ਼ੁਰੂ ਹੋਣ ਦੀ ਮਿਤੀ**

30.07.2024

ਨੋਟ: ਦਾਖਲੇ ਦੀ ਮਿਤੀਆਂ ਵਿੱਚ ਯੂਨਵਰਸਿਟੀ ਵੱਲੋਂ ਤਬਦੀਲੀ ਕੀਤੀ ਜਾ ਸਕਦੀ ਹੈ।

# ਕਾਲਜ ਨਿਯਮ

## ਫੀਸ ਸੰਬਧੀ ਨਿਯਮ:

1. ਸਾਰੀਆਂ ਫੀਸਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹੀ ਲਈਆਂ ਜਾ ਰਹੀਆਂ ਹਨ। ਜੇਕਰ ਸ਼ੈਸ਼ਨ ਦੌਰਾਨ ਯੂਨੀਵਰਸਿਟੀ ਫੀਸਾਂ ਵਿੱਚ ਕੋਈ ਤਬਦੀਲੀ ਕਰਦੀ ਹੈ ਤਾਂ ਸੋਧੀ ਹੋਈ ਫੀਸ ਲਾਗੂ ਹੋਵੇਗੀ।
2. ਬਾਹਰਲੀਆਂ ਯੂਨੀਵਰਸਿਟੀਆਂ- ਬੋਰਡ ਤੋਂ ਮਾਈਗਰੇਟ ਹੋਣ ਵਾਲੇ ਵਿਦਿਆਰਥੀਆਂ ਪਾਸੋਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਮਾਈਗਰੇਸ਼ਨ ਫੀਸ ਲਈ ਜਾਵੇਗੀ ਅਤੇ ਵਿਦਿਆਰਥੀ ਪਿਛਲੀ ਪਾਸ ਕੀਤੀ ਕਲਾਸ ਦਾ ਅਸਲੀ ਡੀ.ਐਮ.ਸੀ. ਅਤੇ ਮਾਈਗ੍ਰੇਸ਼ਨ ਸਰਟੀਫਿਕੇਟ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਮਿਤੀਆਂ ਤੋਂ ਦਸ ਦਿਨ ਪਹਿਲਾਂ ਤੱਕ ਹਰ ਹਾਲਤ ਵਿੱਚ ਦਫਤਰ ਕੋਲ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਖ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ/ ਰਿਜਲਟ ਰੁਕਣ ਦੀ ਹਾਲਾਤ ਵਿੱਚ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ।

## ਕਾਲਜ ਫੀਸ ਭਰਨ ਸੰਬੰਧੀ ਮਿਤੀਆਂ ਦੀ ਜਾਣਕਾਰੀ:

1) ਪਹਿਲੀ ਕਿਸ਼ਤ ਦਾਖਲੇ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਨਿਰਧਾਰਿਤ ਕੀਤੀਆਂ ਮਿਤੀਆਂ ਅਨੁਸਾਰ ਹੀ ਲਈ ਜਾਵੇਗੀ।
2) ਦੂਜੀ ਕਿਸ਼ਤ ਮਿਤੀ 15 ਅਕਤੂਬਰ ਤੋਂ 27 ਅਕਤੂਬਰ ਤੱਕ ਬਿਨਾਂ ਲੇਟ ਫੀਸ, 26 ਅਕਤੂਬਰ ਤੋਂ 31 ਅਕਤੂਬਰ ਤੱਕ 100 ਰੁਪਏ ਲੇਟ ਫੀਸ ਅਤੇ 2 ਨਵੰਬਰ ਤੋਂ 6 ਨਵੰਬਰ ਤੱਕ 200 ਰੁਪਏ ਲੇਟ ਫੀਸ ਨਾਲ ਲਈ ਜਾਵੇਗੀ। ਇਹਨਾਂ ਮਿਤੀਆਂ ਤੱਕ ਫੀਸ ਨਾ ਭਰਨ ਦੀ ਸੂਰਤ ਵਿੱਚ ਦਾਖਲਾ ਰੱਦ ਸਮਝਿਆ ਜਾਵੇਗਾ ਜਾਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਜੁਰਮਾਨਾ ਲਿਆ ਜਾਵੇਗਾ।
3) ਤੀਜੀ ਕਿਸ਼ਤ 11 ਜਨਵਰੀ ਤੋਂ 20 ਜਨਵਰੀ ਤੱਕ ਬਿਨ੍ਹਾਂ ਲੇਟ ਫੀਸ, 21 ਜਨਵਰੀ ਤੋਂ 28 ਜਨਵਰੀ ਤੱਕ 100 ਰੁਪਏ ਲੇਟ ਫੀਸ ਅਤੇ 29 ਜਨਵਰੀ ਤੋਂ 4 ਫਰਵਰੀ ਤੱਕ 200 ਰੁਪਏ ਲੇਟ ਫੀਸ ਨਾਲ ਲਈ ਜਾਵੇਗੀ। ਇਨ੍ਹਾਂ ਮਿਤੀਆਂ ਤੱਕ ਫੀਸ ਨਾ ਭਰਨ ਦੀ ਸੂਰਤ ਵਿੱਚ ਦਾਖਲਾ ਰੱਦ ਸਮਝਿਆ ਜਾਵੇਗਾ। ਯੂਨੀਵਰਸਿਟੀ ਨਿਯਮਾਂ ਅਨੁਸਾਰ ਜੁਰਮਾਨਾ ਲਿਆ ਜਾਵੇਗਾ।

# ਦਾਖਲੇ ਦੇ ਨਿਯਮ

1. ਦਾਖਲਾ ਲੈਣ ਵਾਲੇ ਵਿਦਿਆਰਥੀ ਲਈ ਪ੍ਰਾਸਪੈਕਟ ਵਿਚਲਾ ਦਾਖਲਾ ਫਾਰਮ ਭਰਨਾ ਲਾਜ਼ਮੀ ਹੋਵੇਗਾ।
2. ਦਾਖਲਾ ਲੈਣ ਵਾਲੇ ਵਿਦਿਆਰਥੀ ਅਤੇ ਉਹਨਾਂ ਦੇ ਮਾਪਿਆਂ ਲਈ ਸਾਰੇ ਪ੍ਰਾਸਪੈਕਟ ਨੂੰ ਪੜ੍ਹਨਾ ਅਤੇ ਸਮਝਣਾ ਬਹੁਤ ਜ਼ਰੂਰੀ ਹੈ। ਕਿਸੇ ਨਿਯਮ ਸੰਬੰਧੀ ਅਗਿਆਨਤਾ ਲਈ ਕਾਲਜ਼ ਜਿੰਮੇਵਾਰ ਨਹੀਂ ਹੋਵੇਗਾ।
3. ਦਾਖਲੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ NCTE ਦੇ ਨਿਯਮਾਂ ਅਨੁਸਾਰ ਕੀਤੇ ਜਾਣਗੇ।
4. ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਦਾਖਲੇ ਵਿੱਚ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਨੰਬਰਾਂ ਵਿੱਚ ਛੋਟ ਦਿੱਤੀ ਜਾਵੇਗੀ।
5. ਦਾਖਲਾ ਫਾਰਮ ਪੂਰੀ ਤਰ੍ਹਾਂ ਮੁਕੰਮਲ ਅਤੇ ਸਾਫ ਸੁਥਰਾ ਭਰਿਆ ਹੋਣਾ ਚਾਹੀਦਾ ਹੈ ਅਤੇ ਹੇਠ ਲਿਖੇ ਪ੍ਰਮਾਣ ਪੱਤਰ ਦੀਆਂ ਤਸਦੀਕਸ਼ੁਦਾ ਕਾਪੀਆਂ ਦਾਖਲਾ ਫਾਰਮ ਦੇ ਨਾਲ ਨੱਥੀ ਕਰਨੀਆਂ ਜ਼ਰੂਰੀ ਹਨ।
   - ਪਿਛਲਾ ਇਮਿਤਿਹਾਨ ਪਾਸ ਕਰਨ ਦਾ ਯੂਨੀਵਰਸਿਟੀ/ਬੋਰਡ ਦਾ ਪ੍ਰਮਾਣ ਪੱਤਰ (ਜੇ ਆਇਆ ਨਹੀਂ ਤਾਂ ਪ੍ਰੋਵੀਜ਼ਨਲ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ।
   - ਜਨਮ ਮਿਤੀ ਦਾ ਸਰਟੀਫਿਕੇਟ ਜਾਂ ਮੈਟ੍ਰਿਕ ਦਾ ਸਰਟੀਫਿਕੇਟ।
   - ਮਾਈਗ੍ਰੇਸ਼ਨ ਸਰਟੀਫਿਕੇਟ।
   - ਆਧਾਰ ਕਾਰਡ।
   - ਰਿਹਾਇਸ਼ ਦਾ ਸਬੂਤ।
   - ਪਿਛਲੀ ਸੰਸਥਾ ਤੋਂ ਪ੍ਰਾਪਤ ਕੀਤਾ ਆਚਰਣ ਸਰਟੀਫਿਕੇਟ।
   - ਗੈਪ ਸਾਲਾਂ ਸੰਬੰਧੀ ਲਿਖਤੀ ਵੇਰਵਾ ਦਾਖਲਾ ਫਾਰਮ ਨਾਲ ਨੱਥੀ ਕੀਤਾ ਜਾਵੇ।
   - ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਜਾਤ ਸੰਬੰਧੀ ਪ੍ਰਮਾਣ ਪੱਤਰ।

6) ਸਮੈਸਟਰ ਤੀਜਾ/ਪੰਜਵਾਂ/ਸੱਤਵਾਂ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਪਹਿਲੇ ਅਤੇ ਦੂਜੇ/ਤੀਜੇ ਅਤੇ ਚੌਥੇ/ਪੰਜਵੇਂ ਅਤੇ ਛੇਵੇਂ ਸਮੈਸਟਰਾਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਪੇਪਰ ਪਾਸ ਕਰਨੇ ਜਰੂਰੀ ਹੋਣਗੇ। ਜੇਕਰ ਦਾਖਲੇ ਸਮੇਂ ਪਿਛਲੇ ਸਮੈਸਟਰ ਦਾ ਨਤੀਜਾ ਨਹੀਂ ਆਇਆ ਤਾਂ ਉਹਨਾਂ ਨੂੰ ਦਾਖਲਾ ਅਰਜ਼ੀ ਤੌਰ ਤੇ ਦਿੱਤਾ ਜਾਵੇਗਾ ਪਰ ਨਤੀਜਾ ਆਉਣ ਤੇ ਜੇਕਰ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਪੇਪਰਾਂ ਵਿੱਚ ਪਾਸ ਨਹੀਂ ਹੁੰਦਾ ਤਾਂ ਉਸਦਾ ਦਾਖਲਾ ਰੱਦ ਸਮਝਿਆ ਜਾਵੇਗਾ।

7) ਜੇਕਰ ਕੋਈ ਵਿਦਿਆਰਥੀ ਝੂਠ ਜਾ ਗਲਤ ਦਸਤਾਵੇਜ ਪੇਸ਼ ਕਰਕੇ ਦਾਖਲਾ ਲੈਂਦਾ ਹੈ ਤਾਂ ਉਸਦਾ ਦਾਖਲਾ ਰੱਦ ਕੀਤਾ ਜਾਵੇਗਾ ਅਤੇ ਕਾਲਜ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸਕਾਲਰਸ਼ਿਪ, ਫੀਸ ਮੁਆਫੀ ਅਤੇ ਹੋਰ ਸੁਵਿਧਾਵਾਂ :

1) ਇਸ ਸੰਸਥਾ ਵਿੱਚ ਪੜ੍ਹਦੇ ਹੋਣਹਾਰ ਵਿਦਿਆਰਥੀਆਂ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਵਿੱਤੀ ਸਹਾਇਤਾ ਦੇਣ ਦਾ ਪ੍ਰਬੰਧ ਹੈ। ਇਨ੍ਹਾਂ ਵਜੀਫਿਆਂ ਲਈ ਯੋਗਤਾਵਾਂ ਅਤੇ ਸ਼ਰਤਾਂ ਨਿਮਨਲਿਖਤ ਹਨ:

- ਭਾਰਤ ਸਰਕਾਰ ਵੱਲੋਂ ਸਿੱਖ/ਮੁਸਲਿਮ (ਘੱਟ ਗਿਣਤੀ) ਨਾਲ ਸੰਬੰਧਿਤ ਵਿਦਿਆਰਥੀ ਨੂੰ ਆਰਥਿਕ ਸਹਾਇਤਾ ਵਜੋਂ ਵਜੀਫਾ ਇਸ ਸ਼ਰਤ ਦੇ ਆਧਾਰ ਤੇ ਦਿੱਤਾ ਜਾਂਦਾ ਹੈ ਕਿ ਸੰਬੰਧਿਤ ਵਿਦਿਆਰਥੀ ਦੇ ਪਿਛਲੀ ਕਲਾਸ ਵਿੱਚੋਂ 50% ਨੰਬਰ ਅਤੇ ਉਸਦੇ ਮਾਪਿਆਂ ਦੀ ਸਲਾਨਾ ਆਮਦਨ 2 ਲੱਖ ਤੋਂ ਜਿਆਦਾ ਨਾਂ ਹੋਵੇ।
- ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਵਜੀਫੇ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਮਿਲਣਗੇ। ਜੇਕਰ ਕੋਈ ਵਿਦਿਆਰਥੀ ਗਲਤ ਢੰਗ ਨਾਲ ਵਜੀਫਾ ਪ੍ਰਾਪਤ ਕਰਦਾ ਹੈ ਤਾਂ ਉਸਦੇ ਵਿਰੁੱਧ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
- ਘੱਟ ਆਮਦਨ ਵਾਲੇ ਵਿਦਿਆਰਥੀਆਂ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਬਣਾਈ ਗਈ ਵਿਸ਼ੇਸ਼ ਕਮੇਟੀ ਦੀਆਂ ਸਿਫਾਰਸਾਂ ਤੇ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾਣਗੀਆਂ।
- ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਹੋਰ ਵਿਸ਼ੇਸ ਪ੍ਰਾਪਤੀਆਂ ਦੇ ਆਧਾਰ ਤੇ ਦਾਖਲਾ ਲੈਣ ਵਾਲੇ ਵਿਦਿਆਰਥੀਆ ਨੂੰ ਕਾਲਜ ਵੱਲੋਂ ਬਣਾਈ ਗਈ ਕਮੇਟੀ ਦੀ ਸਿਫਾਰਸ਼ ਤੇ ਫੀਸ ਵਿੱਚ ਰਿਆਇਤ ਦਿੱਤੀ ਜਾਵੇਗੀ।

## ਵਿਸ਼ਾ ਬਦਲੀ:

1. ਵਿਦਿਆਰਥੀਆ ਨੂੰ ਹਦਾਇਤ ਹੈ ਕਿ ਉਹ ਆਪਣੇ ਵਿਸ਼ੇ ਪਹਿਲਾਂ ਹੀ ਸੋਚ ਕੇ ਰੱਖਣ ਜਿਹੜੇ ਉਹਨਾਂ ਨੇ ਪੜ੍ਹਨੇ ਹਨ।
2. ਵਿਸ਼ਾ ਬਦਲਣ ਦੇ ਲਈ ਵਿਦਿਆਰਥੀ ਕਲਾਸ ਇੰਚਾਰਜ ਦੀ ਆਗਿਆ ਅਤੇ ਸੰਬੰਧਿਤ ਅਧਿਆਪਕ ਦੀ ਸਹਿਮਤੀ ਨਾਲ ਜਮਾਤਾਂ ਸ਼ੁਰੂ ਹੋਣ ਤੋਂ ਇਕ ਹਫਤੇ ਦੇ ਅੰਦਰ ਫਾਰਮ ਅਤੇ 100 ਰੁਪਏ ਫੀਸ ਭਰ ਕੇ ਬਦਲ ਸਕਦੇ ਹਨ।

## ਛੁੱਟੀਆਂ ਲਈ ਅਰਜ਼ੀ:

- ਵਿਦਿਆਰਥੀ ਇੱਕ ਸਮੇਂ ਤੇ ਵੱਧ ਤੋਂ ਵਧ ਤਿੰਨ ਦਿਨਾਂ ਦੀ ਛੁੱਟੀ ਅਧਿਆਪਕ ਦੀ ਸਿਫਾਰਸ਼ ਨਾਲ ਵਿਭਾਗ ਦੇ ਮੁਖੀ/ਕਲਾਸ ਇੰਚਾਰਜ ਤੋਂ ਮਨਜ਼ੂਰ ਕਰਵਾ ਸਕਦਾ ਹੈ।
- ਮਾਤਾ ਪਿਤਾ ਜਾਂ ਸਰਪ੍ਰਸਤ ਦੇ ਤਸਦੀਕ ਕਰਨ ਤੋਂ ਬਿਨਾਂ ਛੁੱਟੀ ਮਨਜ਼ੂਰ ਨਹੀਂ ਕੀਤੀ ਜਾਵੇਗੀ।
- ਪੰਜ ਦਿਨਾਂ ਤੋਂ ਵਧ ਬਿਮਾਰੀ ਦੀ ਛੁੱਟੀ ਲਈ ਕਿਸੇ ਯੋਗ ਮੈਡੀਕਲ ਅਫਸਰ ਦੁਆਰਾ ਪ੍ਰਮਾਣਿਤ ਮੈਡੀਕਲ ਸਰਟੀਫਿਕੇਟ ਲਗਾਉਣਾ ਜਰੂਰੀ ਹੈ।
- ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨਾਂ 10 ਦਿਨਾਂ ਤਰ ਗੈਰ ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਦਾਖਲਾ ਰੱਦ ਸਮਝਿਆ ਜਾਵੇਗਾ।

**ਜੁਰਮਾਨਾ :**

ਗੈਰਹਾਜ਼ਰ ਰਹਿਣ ਵਾਲੇ ਵਿਦਿਆਥੀਆਂ ਨੂੰ ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।

**ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਦੀ ਯੋਗਤਾ :**

1) ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਬੈਠਣ ਲਈ ਵਿਦਿਆਰਥੀ ਉੱਪਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮ ਲਾਗੂ ਹੋਣਗੇ।
2) ਜੇਕਰ ਕੋਈ ਵਿਦਿਆਰਥੀ ਸਮੇਂ ਸਿਰ ਫੀਸ ਜਾ ਲੋੜੀਂਦੇ ਫਾਰਮ/ਦਸਤਾਵੇਜ ਕਾਲਜ ਵੱਲੋਂ ਨਿਰਧਾਰਿਤ ਮਿਤੀਆਂ ਅਨੁਸਾਰ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸਨੂੰ ਪ੍ਰੀਖਿਆ ਵਿੱਚ ਬੈਠਣ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ।
3) ਵਿਦਿਆਰਥੀਆਂ ਨੂੰ ਹਿਦਾਇਤ ਹੈ ਕਿ ਉਹ ਹਰੇਕ ਸਮੈਸਟਰ ਦੇ ਯੂਨੀਵਰਸਿਟੀ ਪ੍ਰੀਖਿਆ ਫਾਰਮ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਮਿਤੀਆ ਤੋਂ 10 ਦਿਨ ਪਹਿਲਾਂ ਫੀਸ ਸਮੇਤ ਦਫਤਰ ਵਿੱਚ ਜਮ੍ਹਾਂ ਕਰਵਾਉਣ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਨਿਰਧਾਰਿਤ ਲੇਟ ਫੀਸ, ਜੁਰਮਾਨਾ ਜਾਂ ਪ੍ਰੀਖਿਆ ਵਿੱਚ ਬੈਠਣ ਲਈ ਅਯੋਗ ਹੋਣ ਦੀ ਸੂਰਤ ਵਿੱਚ ਖੁਦ ਜਿੰਮੇਵਾਰ ਹੋਵੇਗਾ।

## ਲਾਇਬ੍ਰੇਰੀ ਦੇ ਨਿਯਮ

1) ਹਰ ਵਿਦਿਆਰਥੀ ਨੂੰ ਇੱਕ ਲਾਇਬ੍ਰੇਰੀ ਪਹਿਚਾਣ ਪੱਤਰ ਦਿੱਤਾ ਜਾਵੇਗਾ ਅਤੇ ਲਾਇਬ੍ਰੇਰੀ ਤੋਂ ਕਿਤਾਬ ਪਹਿਚਾਣ ਪੱਤਰ ਨਾਲ ਹੀ ਜਾਰੀ ਹੋਵੇਗੀ।
2) ਲਾਇਬ੍ਰੇਰੀ ਵਿੱਚ ਕਢਵਾਈ ਹੋਈ ਪੁਸਤਕ ਦੇ ਗੁੰਮ ਹੋਣ ਤੇ ਵਿਦਿਆਰਥੀ ਨੂੰ ਉਸਦੇ ਬਦਲੇ ਨਵੀਂ ਕਿਤਾਬ ਦੇਣੀ ਪਵੇਗੀ ਜਾਂ ਪੁਸਤਕ ਦੀ ਕੀਮਤ ਤੋਂ ਦੁੱਗਣੀ ਰਾਸ਼ੀ ਜਮ੍ਹਾਂ ਕਰਵਾਉਣੀ ਪਵੇਗੀ।
3) ਲਾਇਬ੍ਰੇਰੀ ਪੁਸਤਕ ਕੇਵਲ 14 ਦਿਨਾਂ ਲਈ ਹੀ ਜਾਰੀ ਕਰਵਾਈ ਜਾ ਸਕਦੀ ਹੈ ਅਤੇ ਵਿਦਿਆਰਥੀਆਂ ਨੂੰ ਪੁਸਤਕ ਸਮੇਂ ਤੇ ਵਾਪਸ ਕਰਨੀ ਜਾ ਉਹਨਾਂ ਦਾ ਮੁੜ ਜਾਰੀ ਕਰਵਾਉਣੀ ਜ਼ਰੂਰੀ ਹੈ, ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇੱਕ ਰੁਪਏ ਪੰਜ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਲਿਆ ਜਾਵੇਗਾ।
4) ਵਿਦਿਆਰਥੀ ਕਿਤਾਬ ਲੈਣ ਵੇਲੇ ਉਸਨੂੰ ਚੈੱਕ ਕਰ ਲੈਣ, ਕਿਤਾਬ ਨੂੰ ਕਿਸੇ ਕਿਸਮ ਦੇ ਨੁਕਸਾਨ ਦੀ ਜਿੰਮੇਵਾਰੀ ਸੰਬੰਧਿਤ ਵਿਦਿਆਰਥੀ ਦੀ ਹੋਵੇਗੀ।
5) ਐਮਰਜੈਂਸੀ ਲੋੜ ਪੈਣ ਤੇ ਕਿਤਾਬ ਕਿਸੇ ਵੀ ਸਮੇਂ ਵਾਪਸ ਮੰਗਵਾਈ ਜਾ ਸਕਦੀ ਹੈ।
6) ਸ਼ੈਸ਼ਨ ਖਤਮ ਹੋਣ ਤੇ ਲਾਇਬ੍ਰੇਰੀ ਪਹਿਚਾਣ ਪੱਤਰ/ਸਨਾਖਤੀ ਕਾਰਡ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ।

## ਸਨਾਖਤੀ ਕਾਰਡ ਅਤੇ ਵਰਦੀ ਦੇ ਨਿਯਮ

1) ਕਾਲਜ਼ ਵੱਲੋਂ ਹਰ ਵਿਦਿਆਰਥੀ ਨੂੰ ਇੱਕ ਸਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ। ਇਹ ਸਨਾਖਤੀ ਕਾਰਡ ਹਰ ਵਿਦਿਆਰਥੀ ਲਈ ਕਾਲਜ ਕੈਂਪਸ ਵਿੱਚ ਪਾ ਕੇ ਰੱਖਣਾ ਲਾਜ਼ਮੀ ਹੈ। ਇਹ ਕਾਰਡ ਗੁੰਮ ਹੋ ਜਾਣ ਦੀ ਸੂਰਤ ਵਿੱਚ FIR ਦਰਜ ਕਰਵਾ ਕੇ ਅਤੇ ਕਾਲਜ ਵਿੱਚ 300 ਰੁਪਏ ਦੀ ਫੀਸ ਭਰ ਕੇ ਨਵਾਂ ਸਨਾਖਤੀ ਕਾਰਡ ਬਣਾਉਣ ਲਈ ਤੁਰੰਤ ਅਪਲਾਈ ਕੀਤਾ ਜਾਵੇ।
2) ਹਰ ਵਿਦਿਆਰਥੀ ਨੂੰ ਹਫਤੇ ਵਿੱਚ ਤਿੰਨ ਦਿਨ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਵਰਦੀ ਪਾਉਣੀ ਜ਼ਰੂਰੀ ਹੈ। ਅਤੇ ਕਾਲਜ ਵਿੱਚ ਹੋਣ ਵਾਲੇ ਸਾਰੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਲਈ ਵਿਦਿਆਰਥੀਆਂ ਨੂੰ ਵਰਦੀ ਪਾਉਣੀ ਜ਼ਰੂਰੀ ਹੈ।

**ਟ੍ਰਾਂਸਪੋਰਟ :**

ਲੜਕੀਆਂ ਲਈ ਕਾਲਜ ਆਉਣ-ਜਾਣ ਵਾਸਤੇ ਵੈਨ ਦਾ ਪ੍ਰਬੰਧ ਹੈ। ਇੱਕ ਵਾਰ ਵੈਨ ਸਹੂਲਤ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਪੂਰਾ ਸ਼ੈਸਨ ਇਹ ਸਹੂਲਤ ਛੱਡਣ ਦੀ ਆਗਿਆ ਨਹੀਂ ਹੋਵੇਗੀ ਅਤੇ ਵਿਦਿਆਰਥੀਆਂ ਤੋਂ ਪੂਰੇ ਸ਼ੈਸ਼ਨ ਦੀ ਫੀਸ ਵਸੂਲ ਕੀਤੀ ਜਾਵੇਗੀ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਤੋਂ ਕਾਲਜ ਇਹ ਸਹੂਲਤ ਵਾਪਸ ਲੈ ਸਕਦਾ ਹੈ ਪਰ ਸੰਬੰਧਿਤ ਵਿਦਿਆਰਥੀ ਨੂੰ ਪੂਰੇ ਸ਼ੈਸ਼ਨ ਦੀ ਫੀਸ ਫਿਰ ਵੀ ਭਰਨੀ ਪਵੇਗੀ।

**ਨੋਟ:** ਉਪਰੋਕਤ ਫੀਸ ਤਿੰਨ ਕਿਸਤਾਂ ਵਿੱਚ ਲਈ ਜਾਵੇਗੀ।

## ਘਰੇਲੂ ਪ੍ਰੀਖਿਆਵਾਂ

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਸਲਾਨਾ/ਸਮੈਸਟਰ ਕੋਰਸਾਂ ਦੀਆਂ ਘਰੇਲੂ ਪ੍ਰੀਖਿਆਵਾਂ ਲਈਆਂ ਜਾਂਦੀਆਂ ਹਨ। ਇਸ ਪ੍ਰੀਖਿਆ ਦਾ ਸਮੁੱਚਾ ਪ੍ਰਬੰਧ ਕਾਲਜ ਦੇ ਰਜਿਸਟਰਾਰ (ਘਰੇਲੂ ਪ੍ਰੀਖਿਆਵਾਂ) ਦੁਆਰਾ ਕੀਤਾ ਜਾਂਦਾ ਹੈ। ਇਹ ਪ੍ਰੀਖਿਆਵਾ ਦੇਣੀਆਂ ਹਰ ਵਿਦਿਆਰਥੀ ਲਈ ਜ਼ਰੂਰੀ ਹਨ। ਜੇਕਰ ਕੋਈ ਵਿਦਿਆਰਥੀ ਕਿਸੇ ਕਾਰਨ ਪ੍ਰੀਖਿਆ ਵਿੱਚ ਹਾਜ਼ਰ ਨਹੀਂ ਹੋ ਸਕਦਾ ਤਾਂ ਉਸਨੂੰ ਪ੍ਰੀਖਿਆ ਤੋਂ ਪਹਿਲਾਂ ਪ੍ਰਿੰਸੀਪਲ ਤੋਂ ਅਗੇਤਰੀ ਲਿਖਤੀ ਮਨਜੂਰੀ ਲੈਣੀ ਪਵੇਗੀ। ਉਸ ਤੋਂ ਬਾਅਦ ਕੋਈ ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ। ਘਰੇਲੂ ਪ੍ਰੀਖਿਆਵਾਂ ਵਿੱਚ ਜੇ ਕੋਈ ਵਿਦਿਆਰਥੀ ਨਕਲ ਮਾਰਦਾ ਜਾ ਅਣਉਚਿਤ ਢੰਗ ਨਾਲ ਘਰੇਲੂ ਪ੍ਰੀਖਿਆਵਾਂ ਵਿੱਚ ਵਿਘਨ ਪਾਉਂਦਾ ਫੜਿਆ ਜਾਂਦਾ ਹੈ ਤਾਂ ਉਸਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

# ਜ਼ਰੂਰੀ ਹਿਦਾਇਤਾਂ

1) ਮਾਤਾ ਪਿਤਾ/ਸਰਪ੍ਰਸਤ ਲਈ ਜ਼ਰੂਰੀ ਹੈ ਕਿ ਉਹ ਸਮੇਂ ਸਮੇਂ ਸਿਰ ਅਧਿਆਪਕਾਂ ਤੋਂ ਆਪਣੇ ਬੱਚੇ ਦੀਆਂ ਹਾਜ਼ਰੀਆਂ, ਅਨੁਸ਼ਾਸ਼ਨ ਅਤੇ ਘਰੇਲੂ ਪ੍ਰੀਖਿਆਵਾਂ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਬਾਰੇ ਜਾਣਕਾਰੀ ਲੈਂਦੇ ਰਹਿਣ।
2) ਕਾਲਜ ਦੇ ਹਿੱਤ ਵਿੱਚ, ਕਾਰਜ ਪ੍ਰਿੰਸੀਪਲ ਨੂੰ ਪ੍ਰਾਸਪੈਕਟ ਵਿੱਚ ਦਿੱਤੀ ਕਿਸੇ ਵੀ ਸੂਚਨਾ, ਫੀਸ ਜੁਰਮਾਨਾ ਅਤੇ ਦਾਖਲੇ ਸੰਬੰਧੀ ਨਿਯਮ ਵਿੱਚ ਤਬਦੀਲੀ ਕਰਨ ਦਾ ਪੂਰਨ ਅਧਿਕਾਰ ਹੈ।
3) ਹਰ ਵਿਦਿਆਰਥੀ ਲਈ ਹਰ ਰੋਜ ਕਾਲਜ ਨੋਟਿਸ ਬੋਰਡ ਪੜ੍ਹਨਾ ਜਰੂਰੀ ਹੈ। ਨੋਟਿਸ ਬੋਰਡ ਨਾ ਪੜ੍ਹਨ ਕਾਰਨ ਵਿਦਿਆਰਥੀ ਦੇ ਹੋਣ ਵਾਲੇ ਨੁਕਸਾਨ ਦਾ ਵਿਦਿਆਰਥੀ ਖੁਦ ਜਿੰਮੇਵਾਰ ਹੋਵੇਗਾ ਕਿਉਂਕਿ ਵਿਦਿਆਰਥੀ ਨੂੰ ਹਰੇਕ ਸੂਚਨਾ ਨੋਟਿਸ ਬੋਰਡ ਤੇ ਹੀ ਦਿੱਤੀ ਜਾਵੇਗੀ।
4) ਵਿਦਿਆਰਥੀ ਦਾ ਕਾਲਜ ਵਿੱਚ ਮੋਬਾਇਲ ਦੀ ਵਰਤੋਂ ਸਖਤ ਮਨ੍ਹਾ ਹੈ। ਉਲੰਘਣਾਂ ਕਰਨ ਵਾਲੇ ਵਿਦਿਆਰਥੀ ਦੇ ਖਿਲਾਫ ਸਖਤ ਕਰਵਾਈ ਕੀਤੀ ਜਾਵੇਗੀ।
5) ਕਾਲਜ ਕੈਂਪਸ ਵਿੱਚ ਬਿਨਾਂ ਪ੍ਰਿੰਸੀਪਲ ਦੀ ਪੂਰਵ ਆਗਿਆ ਦੇ ਕੋਈ ਵੀ ਮੀਟਿੰਗ, ਜਲਸਾ ਜਾ ਰੈਲੀ ਕਰਨਾ ਗੈਰ ਕਾਨੂੰਨੀ ਹੈ।
6) ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਨਿਰਦੇਸ਼ਾਂ ਅਨੁਸਾਰ ਕਾਲਜ਼ ਕੈਂਪਸ ਵਿੱਚ ਰੈਗਿੰਗ ਕਰਨ ਦੀ ਸਖਤ ਮਨਾਹੀ ਹੈ ਜੇਕਰ ਕੋਈ ਵਿਦਿਆਰਥੀ ਕਾਲਜ ਕੈਂਪਸ ਵਿੱਚ ਰੈਗਿੰਗ ਕਰਦਾ ਪਾਇਆ ਜਾਂਦਾ ਹੈ ਜਾਂ ਉਸਦੇ ਖਿਲਾਫ ਕੋਈ ਸ਼ਿਕਾਇਤ ਮਿਲਦੀ ਹੈ ਤਾਂ ਉਸਦੇ ਖਿਲਾਫ ਕਾਨੂੰਨ ਦੇ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।
7) ਕਿਸੇ ਵੀ ਵਿਦਿਆਰਥੀ ਨੂੰ ਖਾਲੀ ਪੀਰੀਅਡ ਵਿੱਚ ਕਲਾਸਰੂਮ ਦੇ ਬਾਹਰ ਤੁਰਨ ਫਿਰਨ ਦੀ ਆਗਿਆ ਨਹੀਂ ਹੋਵੇਗੀ।
8) ਕਾਲਜ ਦੇ ਸਾਰੇ ਵਿਦਿਆਰਥੀ ਸੱਭਿਆਚਾਰਕ ਪਹਿਰਾਵਾ ਪਾ ਕੇ ਹੀ ਕਾਲਜ ਆਉਣ।
9) ਖਾਲੀ ਪੀਰੀਅਡ ਦੇ ਵਿੱਚ ਵਿਦਿਆਰਥੀ ਲਾਇਬ੍ਰੇਰੀ ਦੇ ਵਿੱਚ ਬੈਠ ਕੇ ਕਿਤਾਬਾਂ ਦਾ ਲਾਭ ਉਠਾ ਸਕਦੇ ਹਨ।
10) ਕਾਲਜ ਦੇ ਕਿਸੇ ਵੀ ਵਿਦਿਆਰਥੀ, ਕਰਮਚਾਰੀ, ਅਧਿਆਪਕ ਸਾਹਿਬਾਨ ਨਾਲ ਬੁਰਾ ਵਿਵਹਾਰ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਖਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਦਾਖਲਾ ਵੀ ਰੱਦ ਕੀਤਾ ਜਾ ਸਕਦਾ ਹੈ।
11) ਕਾਲਜ ਵਿੱਚ ਫੁੱਲ ਤੋੜਨਾ, ਘਾਹ ਦੇ ਮੈਦਾਨ ਵਿੱਚ ਕੂੜਾ ਕਰਕਟ ਸੱਟਣਾ, ਫਰਨੀਚਰ ਅਤੇ ਇਮਾਰਤ ਨੂੰ ਕਿਸੇ ਵੀ ਕਿਸਮ ਦਾ ਨੁਕਸਾਨ ਪਹੁੰਚਾਉਣਾ ਵਾਲੇ ਦੇ ਖਿਲਾਫ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ ਅਤੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ

# ਵਿਸ਼ੇਸ਼ਤਾਵਾਂ

1) **ਲਾਇਬ੍ਰੇਰੀ:** ਕਾਲਜ ਵਿੱਚ ਚੋਣਵੀਆਂ ਪੁਸਤਕਾਂ ਦੀ ਵਿਸ਼ਾਲ ਲਾਇਬ੍ਰੇਰੀ ਹੈ ਕਾਲਜ ਲਾਇਬ੍ਰੇਰੀ ਵਿੱਚ ਬੁੱਕ ਬੈਂਕ ਦਾ ਵੀ ਪ੍ਰਬੰਧ ਹੈ ਜਿਸ ਵਿੱਚ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਪੂਰੇ ਸਾਲ ਲਈ ਪੁਸਤਕਾਂ ਦਿੱਤੀਆਂ ਜਾਂਦੀਆਂ ਹਨ। ਵਿਦਿਆਰਥੀ ਕਾਲਜ ਲਾਇਬਰੇਰੀ ਵਿੱਚ ਕਿਤਾਬਾਂ ਤੋਂ ਆਪਣੇ ਗਿਆਨ ਵਿੱਚ ਵਾਧਾ ਕਰ ਸਕਦਾ ਹੈ।

2) **ਯੁਵਕ ਭਲਾਈ ਵਿਭਾਗ:** ਪੰਜਾਬ ਯੁਵਕ ਭਲਾਈ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਯੁਵਕ ਭਲਾਈ ਵਿਭਾਗ ਵੱਲੋਂ ਵਿਦਿਆਰਥੀਆਂ ਨਾਲ ਸੰਬੰਧਿਤ ਗਤੀਵਿਧੀਆਂ ਜਾਰੀ ਰੱਖਣ ਲਈ ਕਾਲਜ਼ ਵਿੱਚ ਯੁਵਕ ਭਲਾਈ ਵਿਭਾਗ ਸਥਾਪਿਤ ਹੈ। ਵਿਦਿਆਰਥੀਆਂ ਦੀਆਂ ਕਲਾਤਮਿਕ ਅਤੇ ਸਿਰਜਨਾਤਮਕ ਰੁਚੀਆਂ ਨੂੰ ਪ੍ਰਫੁਲਿਤ ਕੀਤਾ ਜਾਂਦਾ ਹੈ। ਯੂਨੀਵਰਸਿਟੀ ਵੱਲੋਂ ਕਰਵਾਏ ਜਾਂਦੇ ਯੁਵਕ ਮੇਲੇ ਅਤੇ ਲੋਕ ਮੇਲਿਆਂ ਤੋਂ ਇਲਾਵਾ ਕਾਲਜਾਂ ਅਤੇ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਵਿਭਿੰਨ ਕਲਾ ਮੁਕਾਬਲਿਆਂ ਵਿੱਚ ਵਿਦਿਆਰਥੀਆ ਨੂੰ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

3) **ਵਿੱਦਿਅਕ ਟੂਰ:** ਕਾਲਜ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਿਦਿਆਰਥੀਆਂ ਨੂੰ ਇਤਿਹਾਸਕ ਅਤੇ ਵਿੱਦਿਅਕ ਟੂਰ ਤੇ ਭੇਜਿਆ ਜਾਂਦਾ ਹੈ। ਵਿਦਿਆਰਥੀਆਂ ਦੀ ਸਹਿਮਤੀ ਨਾਲ ਵਨ ਡੇ ਟ੍ਰਿਪ ਵੀ ਸਮੇਂ ਸਮੇਂ ਤੇ ਬਣਾਏ ਜਾਂਦੇ ਹਨ।

4) **ਖੇਡਾਂ:** ਵਿਦਿਆਰਥੀਆਂ ਵਿੱਚ ਸਰੀਰਕ ਤੰਦਰੁਸਤੀ ਦੇ ਨਿਖਾਰ ਲਈ ਕਾਲਜ ਵਿੱਚ ਖੇਡਾਂ ਦਾ ਪ੍ਰਬੰਧ ਹੈ।

5) **ਕਾਲਜ ਮੈਗਜ਼ੀਨ:** ਕਾਲਜ ਮੈਗਜ਼ੀਨ ਵਿਦਿਆਰਥੀਆ ਦੇ ਸਵੈ ਪ੍ਰਗਟਾਵੇ ਅਤੇ ਸਾਹਿਤਕ ਰੁਚੀਆਂ ਦਾ ਇਕ ਉਸਾਰੂ ਮਾਧਿਅਮ ਹੈ ਜੋ ਸਾਲ ਵਿੱਚ ਇਕ ਵਾਰ ਛਪਦਾ ਹੈ। ਇਸ ਮੈਗਜ਼ੀਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਸਾਹਿਤਕ ਲਿਖਤਾਂ ਅਤੇ ਪੂਰੇ ਸਾਲ ਦੀਆਂ ਗਤੀਵਿਧੀਆਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਹਰੇਕ ਲਿਖਤ ਨੂੰ ਛਾਪਣ ਜਾਂ ਨਾ ਛਾਪਣ ਦਾ ਅਧਿਕਾਰ ਮੁੱਖ ਸੰਪਾਦਕ ਕੋਲ ਹੁੰਦਾ ਹੈ।

6) **ਪ੍ਰਯੋਗਸ਼ਾਲਾਵਾਂ:** ਵਿਦਿਆਰਥੀਆਂ ਨੂੰ ਲਿਖਤੀ ਗਿਆਨ ਦੇ ਨਾਲ-ਨਾਲ ਪ੍ਰਯੋਗੀ ਗਿਆਨ ਦੇਣ ਦੇ ਲਈ ਕਾਲਜ ਕੈਂਪਸ ਦੇ ਵਿੱਚ ਵੱਖ-ਵੱਖ ਪ੍ਰਯੋਗਸ਼ਾਲਾਵਾਂ ਸਥਾਪਿਤ ਹਨ।

- **ਸਾਇੰਸ ਲੈਬ:** ਵਿਦਿਆਥੀਆਂ ਨੂੰ ਪ੍ਰੋਫੈਸਰ ਸਾਹਿਬਾਨ ਦੀ ਯੋਗ ਅਗਵਾਈ ਵਿੱਚ ਵੱਖ ਵੱਖ ਪ੍ਰੀਖਣ ਕਰਵਾਏ ਜਾਂਦੇ ਹਨ ਅਤੇ ਸਾਇੰਸ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਜਾਂਦੀ ਹੈ।
- **ਕੰਪਿਊਟਰ ਲੈਬ:** ਕੰਪਿਊਟਰ ਵਿਸ਼ੇ ਨਾਲ ਸੰਬੰਧਿਤ ਵਿਦਿਆਰਥੀਆਂ ਦੇ ਪ੍ਰਯੋਗ ਕਰਨ ਲਈ ਕੰਪਿਊਟਰ ਲੈਬ ਪ੍ਰਬੰਧ ਹੈ।
- **ਮਨੋਵਿਗਿਆਨਕ ਲੈਬ:** ਮਨੋਵਿਗਿਆਨਕ ਲੈਬ ਵਿੱਚ ਵਿਦਿਆਰਥੀਆ ਨੂੰ ਮਨੋਵਿਗਿਆਨ ਸੰਬੰਧੀ ਪ੍ਰੀਖਣ ਕਰਵਾਏ ਜਾਂਦੇ ਹਨ।

# ACTIVITIES













# ACTIVITIES











# ACTIVITIES













# ACTIVITIES




The Enlightened College of Physical Education
(Mansa)
Athletic Meet
2023




OF EDUCATION



# ACTIVITIES




The Enlightened College of Physical Education
(Mansa)
Athletic Meet
2023




OF EDUCATION



# College TOURS












# College TOURS














# GURU TEG BAHADUR COLLEGE OF EDUCATION


## Dalalwala (Mansa)-151503

(Affiliated with Punjabi University Patiala Approved by
Punjab Govt. and NCTE Delhi

**Mob. : 76278-60539, 62834-42377 (Office)**

website : www.gtbcemansa.com

Email : gtbcemansa@gmail.com


Design @ Nindi's design vision - 80540-31241